22130628

International Baccalaureate® Baccalauréat International Bachillerato Internacional

**PUNJABI A: LITERATURE – STANDARD LEVEL – PAPER 2**
**PANJABI A : LITTÉRATURE – NIVEAU MOYEN – ÉPREUVE 2**
**PUNJABI A: LITERATURA – NIVEL MEDIO – PRUEBA 2**

Monday 13 May 2013 (morning)
Lundi 13 mai 2013 (matin)
Lunes 13 de mayo de 2013 (mañana)

1 hour 30 minutes / 1 heure 30 minutes / 1 hora 30 minutos

---

INSTRUCTIONS TO CANDIDATES

- Do not open this examination paper until instructed to do so.
- Answer one essay question only. You must base your answer on at least two of the Part 3 works you have studied and compare and contrast these works in response to the question. Answers which are not based on a discussion of at least two Part 3 works will not score high marks.
- You are not permitted to bring copies of the works you have studied into the examination room.
- The maximum mark for this examination paper is *[25 marks]*.

INSTRUCTIONS DESTINÉES AUX CANDIDATS

- N'ouvrez pas cette épreuve avant d'y être autorisé(e).
- Traitez un seul sujet de composition. En basant votre réponse sur au moins deux des œuvres de la troisième partie que vous avez étudiées, vous devez comparer et opposer ces œuvres dans le cadre du sujet. Les réponses qui ne sont pas basées sur au moins deux des œuvres de la troisième partie n'obtiendront pas une note élevée.
- Vous n'êtes pas autorisé(e) à apporter des exemplaires des œuvres que vous avez étudiées dans la salle d'examen.
- Le nombre maximum de points pour cette épreuve d'examen est *[25 points]*.

INSTRUCCIONES PARA LOS ALUMNOS

- No abra esta prueba hasta que se lo autoricen.
- Conteste una sola pregunta de redacción. Base su respuesta en al menos dos de las obras estudiadas de la Parte 3, comparándolas y contrastándolas en relación con la pregunta. Las respuestas que no se basen en al menos dos obras de la Parte 3 no recibirán una puntuación alta.
- No está permitido traer copias de las obras estudiadas a la sala de examen.
- La puntuación máxima para esta prueba de examen es *[25 puntos]*.


© International Baccalaureate Organization 2013

*ਲੇਖ ਲਿਖਣ ਲਈ ਸਿਰਫ **ਇੱਕ** ਪ੍ਰਸ਼ਨ ਦਾ ਉੱਤਰ ਦਿਓ। ਤੁਹਾਡਾ ਉੱਤਰ ਭਾਗ 3 ਵਿੱਚ ਪੜ੍ਹੀਆਂ ਹੋਈਆਂ **ਘੱਟ ਤੋਂ ਘੱਟ ਦੋ ਰਚਨਾਂਵਾਂ** ਤੇ ਆਧਾਰਿਤ ਹੋਣਾ ਚਾਹੀਦਾ ਹੈ ਅਤੇ ਪ੍ਰਸ਼ਨ ਦਾ ਉੱਤਰ ਦੇਣ ਲਈ ਇਨ੍ਹਾਂ ਰਚਨਾਂਵਾਂ ਦੇ ਮੇਲ ਅਤੇ ਵੱਖਰੇਪਨ ਦੀ ਤੁਲਨਾ ਕਰੋ। ਜਿਹੜੇ ਉੱਤਰਾਂ ਵਿੱਚ ਭਾਗ 3 ਵਿੱਚ ਪੜ੍ਹੀਆਂ ਹੋਈਆਂ ਘੱਟ ਤੋਂ ਘੱਟ ਦੋ ਰਚਨਾਂਵਾਂ ਤੇ ਵਿਚਾਰ ਵਟਾਂਦਰਾ **ਨਹੀਂ** ਕੀਤਾ ਗਿਆ ਹੋਵੇਗਾ ਉਨ੍ਹਾਂ ਨੂੰ ਜ਼ਿਆਦਾ ਅੰਕ **ਨਹੀਂ** ਮਿਲਣਗੇ।*

## ਨਾਟਕ

**1.** ਨਾਟਕਕਾਰ ਨੇ ਸਮਾਜ ਅਤੇ ਸਭਿਆਚਾਰ ਨੂੰ ਪੇਸ਼ ਕਰਨ ਵਾਲੇ ਪਾਤਰਾਂ ਦੀ ਪਾਤਰ ਉਸਾਰੀ ਕਿਵੇਂ ਕੀਤੀ ਹੈ, ਜਿਹੜੇ ਵੀ ਨਾਟਕ ਤੁਸੀਂ ਪੜ੍ਹੇ ਹਨ ਉਨ੍ਹਾਂ ਵਿੱਚੋਂ ਘੱਟ ਤੋਂ ਘੱਟ ਦੋ ਨਾਟਕਾਂ ਦੇ ਆਧਾਰ ਤੇ ਟਿੱਪਣੀ ਕਰੋ।

**2.** ਜਿਹੜੇ ਵੀ ਨਾਟਕ ਤੁਸੀਂ ਪੜ੍ਹੇ ਹਨ ਉਨ੍ਹਾਂ ਵਿੱਚੋਂ ਘੱਟ ਤੋਂ ਘੱਟ ਦੋ ਨਾਟਕਾਂ ਦੇ ਆਧਾਰ ਤੇ ਇਸ ਗੱਲ ਤੇ ਵਿਚਾਰ ਵਟਾਂਦਰਾ ਕਰੋ ਨਾਟਕਕਾਰ ਪਾਤਰਾਂ ਦੀ ਗੱਲ ਬਾਤ ਰਾਹੀਂ ਮਨੋਭਾਵ ਕਿਵੇਂ ਪੇਸ਼ ਕਰਦੇ ਹਨ।

**3.** ਜਿਹੜੇ ਵੀ ਨਾਟਕ ਤੁਸੀਂ ਪੜ੍ਹੇ ਹਨ ਉਨ੍ਹਾਂ ਵਿੱਚੋਂ ਘੱਟ ਤੋਂ ਘੱਟ ਦੋ ਨਾਟਕਾਂ ਵਿੱਚ ਦਰਦਨਾਕ ਅਤੇ ਮਖੌਲੀਆ ਪ੍ਰਭਾਵ ਪਾਉਣ ਲਈ ਉਨ੍ਹਾਂ ਵਿੱਚ ਵਾਪਰ ਰਹੀਆਂ ਘਟਨਾਵਾਂ ਦਾ ਆਯੋਜਨ ਕਿਸ ਤਰ੍ਹਾਂ ਕੀਤਾ ਗਿਆ ਹੈ। ਵਿਚਾਰ ਵਟਾਂਦਰਾ ਕਰੋ।

## ਕਵਿਤਾ

**4.** ਘੱਟ ਤੋਂ ਘੱਟ ਜਿਹੜੇ ਵੀ ਦੋ ਕਵੀਆਂ ਦੀਆਂ ਰਚਨਾਂਵਾਂ ਤੁਸੀਂ ਪੜ੍ਹੀਆਂ ਹਨ ਬਾਰੇ ਵਿਚਾਰ ਵਟਾਂਦਰਾ ਕਰਦੇ ਹੋਏ ਦੱਸੋ ਕਿ ਕਵਿਤਾਵਾਂ ਦੀ ਰਚਨਾ ਉਨ੍ਹਾਂ ਦੇ ਕੇਂਦਰੀ ਭਾਵ ਤੇ ਚਾਨਣਾ ਪਾਉਣ ਵਿਚ ਕਿਵੇਂ ਮਦਦ ਕਰਦੀ ਹੈ।

**5.** ਜਿਹੜੀਆਂ ਵੀ ਕਵਿਤਾਵਾਂ ਤੁਸੀਂ ਪੜ੍ਹੀਆਂ ਹਨ ਹਨ ਉਨ੍ਹਾਂ ਵਿੱਚੋਂ ਘੱਟ ਤੋਂ ਘੱਟ ਦੋ ਕਵੀਆਂ ਦੀਆਂ ਰਚਨਾਂਵਾਂ ਬਾਰੇ ਦੱਸਦੇ ਹੋਏ ਵਿਚਾਰ ਵਟਾਂਦਰਾ ਕਰੋ ਕਿ ਕਵੀਆਂ ਨੇ ਕਿਸ ਤਰ੍ਹਾਂ ਕੁਝ ਸ਼ਬਦ ਅਤੇ ਵਾਕਅੰਸ਼ ਦੁਹਰਾ ਕੇ ਕਵਿਤਾਵਾਂ ਵਿੱਚ ਵਿਸ਼ੇਸ਼ ਤਰ੍ਹਾਂ ਦਾ ਮਿਜ਼ਾਜ਼ ਜਾਂ ਵਾਤਾਵਰਣ ਪੈਦਾ ਕੀਤਾ ਹੈ।

**6.** ਇਸ ਗੱਲ ਤੇ ਵਿਚਾਰ ਵਟਾਂਦਰਾ ਕਰੋ ਕਿ ਕਵਿਤਾਵਾਂ ਦੇ ਸਿਰਲੇਖ ਜਾਂ ਪਹਿਲੀ ਲਾਈਨ ਦਾ ਸਮੁੱਚੀ ਕਵਿਤਾ ਦੇ ਅਰਥ ਵਾਸਤੇ ਕੀ ਮਹੱਤਤਾ ਹੈ। ਜਿਹੜੀਆਂ ਵੀ ਕਵਿਤਾਵਾਂ ਤੁਸੀਂ ਪੜ੍ਹੀਆਂ ਹਨ ਹਨ ਉਨ੍ਹਾਂ ਵਿੱਚੋਂ ਘੱਟ ਤੋਂ ਘੱਟ ਦੋ ਕਵੀਆਂ ਦੀਆਂ ਰਚਨਾਂਵਾਂ ਬਾਰੇ ਦੱਸਦੇ ਹੋਏ ਲੇਖ ਲਿਖੋ।

**ਵਾਰਤਕ - ਕਲਪਿਤ**

**7.** ਲੇਖਕਾਂ ਨੇ ਆਪਣੀਆਂ ਕਲਪਿਤ ਵਾਰਤਕ ਰਚਨਾਂਵਾਂ ਵਿੱਚ ਮੂਲ ਭਾਵ ਦੁਹਰਾ ਕੇ ਪਾਠਕਾਂ ਭਾਵਨਾਤਮਕ ਪ੍ਰਤੀਕ੍ਰਿਆ ਕਿਵੇਂ ਉਤੇਜਿਤ ਕੀਤੀ ਹੈ, ਜਿਹੜੀਆਂ ਵੀ ਰਚਨਾਂਵਾਂ ਤੁਸੀਂ ਪੜ੍ਹੀਆਂ ਹਨ ਉਨ੍ਹਾਂ ਵਿੱਚੋਂਘੱਟ ਤੋਂ ਘੱਟ ਦੋ ਰਚਨਾਂਵਾਂ ਦੇ ਆਧਾਰ ਤੇ ਟਿੱਪਣੀ ਕਰੋ।

**8.** ਜਿਹੜੀਆਂ ਵੀ ਰਚਨਾਂਵਾਂ ਤੁਸੀਂ ਪੜ੍ਹੀਆਂ ਹਨ ਉਨ੍ਹਾਂ ਵਿੱਚੋਂਘੱਟ ਤੋਂ ਘੱਟ ਦੋ ਰਚਨਾਵਾਂ ਵਿੱਚ ਪਾਤਰਾਂ ਵਿੱਚ ਆਪਸੀ ਵਿਰੋਧ ਦੀਆਂ ਪ੍ਰਤੀਕ੍ਰਿਆਵਾਂ ਦਾ ਨਿਰੀਖਣ ਕਰੋ।

**9.** ਇਸ ਗੱਲ ਤੇ ਚਾਨਣਾ ਪਾਓ ਕਿ ਜਿਹੜੀਆਂ ਵੀ ਰਚਨਾਂਵਾਂ ਤੁਸੀਂ ਪੜ੍ਹੀਆਂ ਹਨ ਉਨ੍ਹਾਂ ਵਿੱਚੋਂਘੱਟ ਤੋਂ ਘੱਟ ਦੋ ਰਚਨਾਵਾਂ ਵਿੱਚ ਲੇਖਕਾਂ ਦੀ ਆਵਾਜ਼ ਪਾਠਕਾਂ ਦੇ ਰਵਈਏ ਨੂੰ ਕਿਵੇਂ ਤੇ ਕਿਸ ਹੱਦ ਤੱਕ ਪ੍ਰਭਾਵਿਤ ਕਰਦੀ ਹੈ।

**ਵਾਰਤਕ - ਅਣ-ਕਲਪਿਤ**

**10.** ਜਿਹੜੀਆਂ ਵੀ ਅਣ-ਕਲਪਿਤ ਰਚਨਾਂਵਾਂ ਤੁਸੀਂ ਪੜ੍ਹੀਆਂ ਹਨ ਉਨ੍ਹਾਂ ਵਿੱਚੋਂ ਘੱਟ ਤੋਂ ਘੱਟ ਦੋ ਰਚਨਾਵਾਂ ਵਿੱਚ ਲੇਖਕਾਂ ਨੇ ਆਪਣੇ ਨਿੱਜੀ ਤਜਰਬੇ ਅਤੇ ਕਿੱਸੇ-ਕਹਾਣੀਆਂ ਦੀ ਕਿਵੇਂ ਤੇ ਕਿਸ ਹੱਦ ਤੱਕ ਵਰਤੋਂ ਕੀਤੀ ਹੈ।

**11.** ਅਣ-ਕਲਪਿਤ ਵਾਰਤਕ ਦੇ ਲੇਖਕ ਆਪਣੀਆਂ ਰਚਨਾਂਵਾਂ ਵਿੱਚ ਕਿਸ ਹੱਦ ਤੱਕ ਸਮਾਜ ਦੀ ਪ੍ਰਤੀਨਿੱਧਤਾ ਕਰਦੇ ਹੋਏ ਸੱਚੀ ਤਸਵੀਰ ਪੇਸ਼ ਕਰਦੇ ਹਨ? ਜਿਹੜੀਆਂ ਵੀ ਰਚਨਾਂਵਾਂ ਤੁਸੀਂ ਪੜ੍ਹੀਆਂ ਹਨ ਉਨ੍ਹਾਂ ਦੇ ਸਬੰਧ ਵਿੱਚ ਵਿਚਾਰ ਵਟਾਂਦਰਾ ਕਰੋ।

**12.** ਜਿਹੜੀਆਂ ਵੀ ਰਚਨਾਂਵਾਂ ਤੁਸੀਂ ਪੜ੍ਹੀਆਂ ਹਨ ਉਨ੍ਹਾਂ ਵਿੱਚੋਂਘੱਟ ਤੋਂ ਘੱਟ ਦੋ ਰਚਨਾਵਾਂ ਵਿੱਚ ਲੇਖਕ ਆਪਣੀਆਂ ਰਚਨਾਂਵਾਂ ਵਿੱਚ ਆਪਣੇ ਵਿਸ਼ੇ ਵਸਤੂ ਦਾ ਵਿਕਾਸ ਕਰਨ ਲਈ ਆਪਣੀ ਲਿਖਤ ਦੀ ਬਣਤਰ ਦੀ ਵਰਤੋਂ ਕਿਵੇਂ ਕਰਦੇ ਹਨ।